# ਮਦਦ ਕਰਨ ਲਈ ਮੌਜੂਦ

**ਆਫਿਸ ਔਫ਼ ਦਿ ਇਮੀਗ੍ਰੇਸ਼ਨ ਡਿਟੈਂਸ਼ਨ ਓਮਬਡਸਮੈਨ (OIDO) ਇੱਕ ਸੁਤੰਤਰ ਅਤੇ ਨਿਰਪੱਖ ਦਫ਼ਤਰ ਹੈ–ICE ਅਤੇ CBP ਤੋਂ ਵੱਖ–ਜੋ ਕਿ ਅਮਰੀਕੀ ਇਮੀਗ੍ਰੇਸ਼ਨ ਹਿਰਾਸਤ ਅਤੇ ਨਜ਼ਰਬੰਦੀ ਵਿੱਚ ਰੱਖੇ ਗਏ ਸਾਰੇ ਵਿਅਕਤੀਆਂ ਲਈ ਸੁਹਿਰਦਤਾ ਪੂਰਨ ਵਿਵਹਾਰ ਅਤੇ ਸੁਰੱਖਿਅਤ ਰਹਿਣ ਦੀਆਂ ਸਥਿਤੀਆਂ ਲਈ ਵਚਨਬੱਧ ਹੈ।**

ਜੇਕਰ ਤੁਸੀਂ ਇਮੀਗ੍ਰੇਸ਼ਨ ਨਜ਼ਰਬੰਦੀ ਦੌਰਾਨ ਮਾੜੇ ਵਿਵਹਾਰ ਜਾਂ ਹਾਲਾਤ ਦਾ ਅਨੁਭਵ ਕਰ ਰਹੇ ਹੋ, ਤਾਂ OIDO ਮਦਦ ਕਰ ਸਕਦਾ ਹੈ। OIDO ਡਿਪਾਰਟਮੈਂਟ ਔਫ਼ ਹੋਮਲੈਂਡ ਸਕਿਉਰਿਟੀ ਦਾ ਇੱਕ ਨਿਰਪੱਖ ਅਤੇ ਸੁਤੰਤਰ ਦਫ਼ਤਰ ਹੈ—ਯੂ.ਐਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE), ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (CBP), ਅਤੇ ਨਜ਼ਰਬੰਦੀ ਕੇਂਦਰ ਤੋਂ ਵੱਖ—ਜੋ ਤੁਹਾਡੀ ਸਹੂਲਤ ਵਿੱਚ ਹਾਲਾਤਾਂ ਅਤੇ ਵਿਵਹਾਰ ਦੀ ਨਿਗਰਾਨੀ ਕਰਦਾ ਹੈ, ਅਤੇ ਸਿਖਲਾਈ ਪ੍ਰਾਪਤ ਕੇਸ ਮੈਨੇਜਰਾਂ ਨੂੰ ਨਿਯੁਕਤ ਕਰਦਾ ਹੈ, ਜੋ ਤੁਹਾਡੀ ਸ਼ਿਕਾਇਤ ਨੂੰ ਹੱਲ ਕਰਨ ਲਈ ਕੰਮ ਕਰਦੇ ਹਨ।

OIDO ਕੋਲ ਦਾਇਰ ਕੀਤੀਆਂ ਸ਼ਿਕਾਇਤਾਂ ਗੁਪਤ ਹੁੰਦੀਆਂ ਹਨ, ਅਤੇ ਕੇਸ ਮੈਨੇਜਰ ਤੁਹਾਡੀ ਰਜ਼ਾਮੰਦੀ ਤੋਂ ਬਿਨਾਂ ਤੁਹਾਡੇ ਕੇਸ ਬਾਰੇ ਕੋਈ ਵੀ ਜਾਣਕਾਰੀ ਪ੍ਰਗਟ ਨਹੀਂ ਕਰਨਗੇ। ਕਿਸੇ OIDO ਕੇਸ ਮੈਨੇਜਰ ਨਾਲ ਗੱਲ ਕਰਨ ਜਾਂ ਸ਼ਿਕਾਇਤ ਦਰਜ ਕਰਨ ਨਾਲ ਤੁਹਾਡੇ ਇਮੀਗ੍ਰੇਸ਼ਨ ਕੇਸ ਜਾਂ ਨਜ਼ਰਬੰਦੀ ਸਥਿਤੀ 'ਤੇ ਕੋਈ ਅਸਰ ਨਹੀਂ ਪਵੇਗਾ।

**ਸ਼ਿਕਾਇਤ ਦਰਜ ਕਰਨ ਲਈ, ਆਪਣੀ ਸਹੂਲਤ ਦੇ OIDO ਕੇਸ ਮੈਨੇਜਰ ਨਾਲ ਗੱਲ ਕਰਨ ਲਈ ਕਹੋ। ਤੁਹਾਡਾ ਪਰਿਵਾਰ, ਕਾਨੂੰਨੀ ਨੁਮਾਇੰਦਾ, ਜਾਂ ਕੋਈ ਹੋਰ ਐਡਵੋਕੇਟ ਵੀ ਤੁਹਾਡੇ ਲਈ ਔਨਲਾਈਨ dhs.gov/OIDO 'ਤੇ ਸ਼ਿਕਾਇਤ ਦਰਜ ਕਰ ਸਕਦੇ ਹਨ।**

## ਜਿਨ੍ਹਾਂ ਮੁੱਦਿਆਂ ਬਾਰੇ ਤੁਸੀਂ OIDO ਨੂੰ ਰਿਪੋਰਟ ਕਰ ਸਕਦੇ ਹੋ, ਉਨ੍ਹਾਂ ਵਿੱਚ ਸ਼ਾਮਲ ਹਨ:

- **ਸਰੀਰਕ, ਮਾਨਸਿਕ, ਜਾਂ ਭਾਵਨਾਤਮਕ ਦੁਰਵਿਵਹਾਰ**
- **ਨਾਕਾਫ਼ੀ ਭੋਜਨ ਜਾਂ ਡਾਕਟਰੀ ਇਲਾਜ**
- **ਮਾੜੀ ਸਾਂਭ-ਸੰਭਾਲ ਵਾਲੇ ਜਾਂ ਗੰਦੇ ਬਾਥਰੂਮ ਅਤੇ ਆਰਾਮ ਕਰਨ ਵਾਲੇ ਖੇਤਰ**
- **ਸਾਫ-ਸਫਾਈ ਦੀਆਂ ਵਸਤੂਆਂ (ਟਾਇਲਟ ਪੇਪਰ, ਤੌਲੀਏ, ਟੁੱਥਬ੍ਰਸ਼, ਆਦਿ) ਤੱਕ ਪਹੁੰਚ ਦੀ ਘਾਟ**
- **ਰਹਿਣ-ਸਹਿਣ ਦੀਆਂ ਮਾੜੀਆਂ ਜਾਂ ਅਸੁਰੱਖਿਅਤ ਸਥਿਤੀਆਂ**

**ਤੁਸੀਂ OIDO ਨੂੰ ਕਿਸੇ ਹੋਰ ਮਾੜੇ ਦਰਜੇ ਦੀਆਂ ਸਥਿਤੀਆਂ ਜਾਂ ਨੀਤੀਆਂ ਜਾਂ ਮਿਆਰਾਂ ਦੀ ਸ਼ੱਕੀ ਉਲੰਘਣਾ ਬਾਰੇ ਵੀ ਪੁੱਛ ਸਕਦੇ ਹੋ।**